## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ ਐਸ.ਏ.ਐਸ ਨਗਰ
## (ਬਜਟ ਸ਼ਾਖਾ)

**ਈ-ਮੇਲ ਰਾਹੀਂ:**

ਸੇਵਾ ਵਿਖੇ,

1. ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ:)
2. ਸਲਾਹਕਾਰ ਤਕਨੀਕੀ ਸਿੱਖਿਆ ਪੰਜਾਬ, ਐਸ.ਏ.ਐਸ ਨਗਰ
3. ਪ੍ਰਿੰਸੀਪਲ, ਪੀ.ਟੀ.ਟੀ.ਆਈ ਮਾਹਿਲਪੁਰ (ਹੁਸ਼ਿਆਰਪੁਰ)
4. ਸਲਾਹਕਾਰ ਖੇਤੀਬਾੜੀ, ਪੰਜਾਬ, ਐਸ.ਏ.ਐਸ ਨਗਰ।
5. ਰਜਿਸਟਰਾਰ ਸਿੱਖਿਆ ਵਿਭਾਗ।

ਮੀਮੋ ਨੰ: E-256779(Budget) / 2021357982-986

ਮਿਤੀ: 08/11/2021

ਵਿਸ਼ਾ:- ਸਾਲ 2021-22 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2022-23 ਦੇ ਬਜਟ ਅਨੁਮਾਨ (ਰੈਵਿਨਿਊ) ਦੀਆਂ ਤਜਵੀਜਾਂ ਭੇਜਣ ਬਾਰੇ।

*********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਾਲ 2021-22 ਦੇ ਸੋਧੇ ਬਜਟ ਅਨੁਮਾਨ ਅਤੇ 2022-23 ਦੇ ਬਜਟ ਅਨੁਮਾਨ ਸਬੰਧੀ ਤਜ਼ਵੀਜਾਂ ਵਿਤ ਵਿਭਾਗ ਨੂੰ ਭੇਜੀਆਂ ਜਾਣੀਆਂ ਹਨ। ਇਸ ਲਈ ਆਪਣੇ ਅਤੇ ਆਪਣੇ ਅਧੀਨ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਡੀ.ਡੀ.ਓਜ਼ ਤੋਂ ਸਾਲ 2021-22 ਦੇ ਸੋਧੇ ਬਜਟ ਅਨੁਮਾਨਾਂ ਦੀ ਸੂਚੀ ਅਤੇ ਸਾਲ 2022-23 ਦੇ ਬਜਟ ਅਨੁਮਾਨ ਸਮੇਤ ਸਿਫਾਰਸ਼ **ਮਿਤੀ 22-11-2021 ਤੱਕ ਦਸਤੀ ਡੀਲਿੰਗ ਸਹਾਇਕ ਜਾਂ ਜਿਸ ਨੂੰ ਇਸਦੀ ਪੂਰੀ ਜਾਣਕਾਰੀ ਹਵੇ, ਰਾਹੀਂ ਪੁਜਦਾ ਕੀਤਾ ਜਾਵੇ। ਡਾਕ ਰਾਹੀਂ ਭੇਜਿਆ ਬਜਟ ਮਨਜ਼ੂਰ ਨਹੀਂ ਕੀਤਾ ਜਾਵੇਗਾ।** ਰਿਟਾਇਰੀਆਂ ਦੇ ਵਾਧੇ ਘਾਟੇ ਦੇ ਮੈਡੀਕਲ ਸਬੰਧੀ ਜੋ ਅਨੁਮਾਨ ਹਨ, ਉਹ ਵੀ ਵੱਖਰੇ ਪ੍ਰਫਾਰਮੇਂ ਉਤੇ ਨਾਲ ਹੀ ਬਣਾ ਕੇ ਭੇਜੇ ਜਾਣ। **ਇਸ ਦੇ ਨਾਲ ਹੀ ਸਕੂਲਾਂ ਵੱਲੋਂ ਖਜਾਨਾ ਦਫਤਰਾਂ ਵਿੱਚ ਜਮਾਂ ਕਰਵਾਈ ਜਾਂਦੀ ਰਾਸੀ ਸਬੰਧੀ ਰਸੀਟ ਬਜਟ ਨੱਥੀ ਪ੍ਰਫਾਰਮੇ ਵਿੱਚ ਵੀ ਤਿਆਰ ਕਰਕੇ ਭੇਜੇ ਜਾਣ।** ਰਸੀਟ ਬਜਟ ਵਿੱਚ ਸਾਲ 2021-22 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2022-23 ਦੇ ਬਜਟ ਅਨੁਮਾਨ ਨਾ ਤਿਆਰ ਕਰਨ ਦੀ ਸੂਰਤ ਵਿੱਚ ਬਜਟ ਅਨੁਮਾਨ ਸਵੀਕਾਰ ਨਹੀਂ ਕੀਤੇ ਜਾਣਗੇ।

2.0 ਸਾਲ 2021-22 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2022-23 ਦੇ ਬਜਟ ਅਨੁਮਾਨ ਨਾਲ ਨੱਥੀ ਪ੍ਰਫਾਰਮੇਂ ਅਨੁਲੱਗ-1(ਬੀ.ਐਮ-2 ਪ੍ਰਫਾਰਮਾ) ਅਤੇ ਅਨੁਲੱਗ (II, III) ਰਾਹੀਂ ਹੀ ਭੇਜੇ ਜਾਣ। ਅਨੈਕਚਰ III ਯਾਨੀ ਕਿ ਨੋਮਿਨਲ ਰੋਲ ਵਿੱਚ ਸਟਾਫ ਦੀ ਤਨਖਾਹ ਸਕੇਲ ਸਬੰਧੀ ਮੁਕੰਮਲ ਵੇਰਵੇ ਦਰਸਾਉਂਦੇ ਹੋਏ ਭੇਜਿਆ ਜਾਵੇ।

3.0 ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਾਲ 2021-22 ਦੇ ਸੋਧੇ ਬਜਟ ਅਨੁਮਾਨ ਤਿਆਰ ਕਰਨ ਤੋਂ ਪਹਿਲਾਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ **ਕਿ ਕਈ ਸਕੂਲਾਂ ਵਿੱਚ ਬਜਟ ਵਾਧੂ ਪਿਆ ਰਹਿੰਦਾ ਹੈ ਤੇ ਕਈ ਸਕੂਲਾਂ ਵਿੱਚ ਬਜਟ ਘੱਟ ਰਹਿ ਜਾਂਦਾ ਹੈ। ਇਸ ਲਈ ਲਿਖਿਆ ਜਾਂਦਾ ਹੈ ਕਿ ਆਪ ਦੇ ਜਿਲੇ ਵਿੱਚ ਜਿਨ੍ਹਾਂ ਸਕੂਲਾਂ ਵਿੱਚ ਬਜਟ ਵਾਧੂ ਹੋਵੇ, ਉਨ੍ਹਾਂ ਤੋਂ ਸਰੰਡਰ ਕਰਵਾ ਕੇ ਜਿਲੇ ਦੇ ਅੰਦਰ ਹੀ ਲੋੜਵੰਦ ਸਕੂਲਾਂ ਨੂੰ ਉਸ ਮੱਦ ਅਧੀਨ ਬਜਟ ਅਲਾਟ ਕੀਤਾ ਜਾਵੇ,** ਜਿਸ ਮੱਦ ਅਧੀਨ ਸਰੰਡਰ ਹੋਇਆ ਹੋਵੇ। ਤਨਖਾਹ ਸਬੰਧੀ ਬਜਟ ਦੀ ਤਜਵੀਜ਼ ਅਸਲ ਖਰਚੇ ਦੇ ਅਧਾਰ ਤੇ ਭੇਜੀ ਜਾਵੇ ਤਾਂ ਜੋ ਸਾਰੇ ਸਟਾਫ ਨੂੰ ਸਾਲ 2021-22 ਦੀ ਤਨਖਾਹ ਮਿਲ ਸਕੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਤਨਖਾਹ ਉਪ ਮੱਦ ਅਧੀਨ ਪੂਰੇ ਸਾਲ ਦਾ ਢੁਕਵਾਂ ਬਜਟ ਮੰਗਿਆ ਜਾਵੇ ਤਾਂ ਜੋ ਕਿਸੀ ਵੀ ਕਰਮਚਾਰੀ ਦੀ ਤਨਖਾਹ ਨਾ ਰੁੱਕੇ।

4.0 ਬਿਜਲੀ, ਪਾਣੀ, ਟੈਲੀਫੋਨ, ਟੀ.ਏ, ਦਫਤਰੀ ਖਰਚਾ, ਐਡਵਰਟਾਈਜ਼ਮੈਂਟ, ਮੈਡੀਕਲ ਅਤੇ ਰਿਟਾਇਰਡ ਮੈਡੀਕਲ ਆਦਿ ਦੇ ਬਿੱਲਾਂ ਦੀ ਸੂਚੀ ਹੇਠ ਦਰਸਾਏ ਪ੍ਰਫਾਰਮੇ ਵਿੱਚ ਤਿਆਰ ਕਰਕੇ ਸੋਧੇ ਬਜਟ

Scanned by CamScanner

ਅਨੁਮਾਨਾ ਦੇ ਨਾਲ ਭੇਜੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਪ ਵੱਲੋਂ ਉਪਰੋਕਤ SOEs ਵਿੱਚ ਸੋਧੇ ਬਜਟ ਅਨੁਮਾਨਾਂ ਵਿੱਚ ਰਾਸ਼ੀ ਦਾ ਉਪਬੰਧ ਨਹੀਂ ਕਰਵਾਇਆ ਜਾਵਗਾ।

Name of Office : ............................

Major Head : ..................................

SOE : ................................................

| S.No. | Sanction No. | Date | Amount | Period of Bill | Name of Claimant (In case of Medical Bill) |
|---|---|---|---|---|---|
| 1 | | | | | |

5.0 ਸਾਲ 2021-22 ਦੇ ਸੋਧੇ ਬਜਟ ਅਨੁਮਾਨ ਸਬੰਧੀ ਲਿਖਿਆ ਜਾਂਦਾ ਹੈ ਕਿ ਸੋਧੇ ਬਜਟ ਅਨੁਮਾਨ ਆਪ ਵੱਲੋਂ ਭੇਜੇ ਜਾਂਦੇ ਹਨ, ਵਿੱਚ ਬਜਟ ਲੋੜ ਤੋਂ ਵੱਧ ਮੰਗ ਲਿਆ ਜਾਂਦਾ ਹੈ ਜਿਸ ਕਾਰਣ ਇਹ ਬਜਟ 31-ਮਾਰਚ ਤੱਕ ਖਰਚ ਨਹੀਂ ਹੁੰਦਾ ਅਤੇ ਮਾਰਚ ਦੇ ਆਖਰੀ ਦਿਨਾਂ ਵਿੱਚ ਇਸ ਦਫਤਰ ਨੂੰ ਸਰੰਡਰ ਕੀਤਾ ਜਾਂਦਾ ਹੈ। ਇਸ ਲਈ ਸਹੀ ਅਨੁਮਾਨ ਹੀ ਭੇਜੇ ਜਾਣ। ਆਪ ਨੂੰ ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵਾਧੇ ਘਾਟੇ ਦੀ ਸਾਰਣੀ ਤੋਂ ਬਾਅਦ ਨਾ ਤਾਂ ਕੋਈ ਬਜਟ ਸਰੰਡਰ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਹੋਰ ਬਜਟ ਦਿੱਤਾ ਜਾਵੇਗਾ। ਇਸ ਲਈ ਜਿੰਮੇਵਾਰੀ ਆਪ ਦੀ ਹੋਵੇਗੀ।

6.0 ਸਾਲ 2021-22 ਦੇ ਤਨਖਾਹ ਦੇ ਬਜਟ ਅਨੁਮਾਨ ਤਿਆਰ ਕਰਨ ਲਈ ਨੋਮੀਨਲ ਰੋਲ ਵਿੱਚ ਦਰਸਾਈ ਗਈ ਸੈਲਰੀ ਵਿੱਚ ਡੀ.ਏ ਵੱਜੋਂ ਤਨਖਾਹਾਂ ਵਿੱਚ 5% ਦਾ ਵਾਧਾ ਦੇ ਕੇ ਅਨੁਮਾਨ ਤਿਆਰ ਕਰਨੇ ਚਾਹੀਦੇ ਹਨ। ਬਾਕੀ ਮੱਦਾਂ ਸਬੰਧੀ ਮੁਕੰਮਲ ਵੇਰਵੇ ਸਪਸ਼ਟਤਾ ਸਹਿਤ ਮੁਹਇਆ ਕਰਵਾਏ ਜਾਣ।

7.0 ਵੱਖ ਵੱਖ ਮੱਦਾਂ ਦੇ ਸੋਧੇ ਬਜਟ ਅਨੁਮਾਨਾਂ ਵਿੱਚ ਪਰਮਾਨੈਂਟ ਅਤੇ ਟੈਪਰੇਰੀ ਪੋਸਟਾਂ ਦੀ ਸਥਿਤੀ ਭਾਵ ਪ੍ਰਮਾਣਿਤ ਅਸਾਮੀਆਂ, ਭਰੀਆਂ ਅਸਾਮੀਆਂ ਅਤੇ ਖਾਲੀ ਅਸਾਮੀਆਂ ਦਾ ਵੇਰਵਾ ਡੀ.ਡੀ.ਓ ਵਾਈਜ਼ ਅਤੇ ਪ੍ਰੋਫਾਰਮੇ ਅਨੁਸਾਰ ਖਰਚੇ ਦੇ ਅਧਾਰ ਤੇ ਸੋਧੇ ਬਜਟ ਅਨੁਮਾਨਾਂ ਦੀ ਤਜਵੀਜ਼ ਭੇਜੀ ਜਾਵੇ। **ਖਾਲੀ ਅਸਾਮੀਆਂ ਅਤੇ ਰੋਕ ਕੇ ਰੱਖੀਆਂ ਅਸਮੀਆਂ ਲਈ ਕੋਈ ਬਜਟ ਨਾ ਮੰਗਿਆ ਜਾਵੇ।**

ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ:) ਨੂੰ ਲਿਖਿਆ ਜਾਂਦਾ ਹੈ ਕਿ ਉਹਨਾਂ ਵੱਲੋਂ ਜੋ ਬਜਟ ਸਕੂਲਾਂ/ਸੰਸਥਾਵਾਂ/ਦਫਤਰਾਂ ਨੂੰ ਅਲਾਟ ਕੀਤਾ ਜਾਂਦਾ ਹੈ, ਉਹ ਬਜਟ ਸਬੰਧਤ ਡੀ.ਡੀ.ਓ ਤੋਂ ਤਸਦੀਕ ਕਰਵਾਉਣ ਕਿ ਜੋ ਬਜਟ ਉਨ੍ਹਾਂ ਨੂੰ ਅਲਾਟ ਕੀਤਾ ਗਿਆ ਹੈ, ਉਹ 31 ਮਾਰਚ 2022 ਤੱਕ ਖਰਚ ਕਰ ਲੈਣਗੇ। ਜੇਕਰ ਉਨ੍ਹਾਂ ਕੋਲ ਵਾਧੂ ਬਜਟ ਹੈ ਤਾਂ ਉਹ ਸਰੰਡਰ ਕਰਵਾਇਆ ਜਾਣਾ ਯਕੀਨੀ ਬਣਾ ਲਿਆ ਜਾਵ। ਜੇਕਰ ਨਿਸ਼ਚਿਤ ਮਿਤੀ ਤੱਕ ਸੋਧ ਬਜਟ ਅਨੁਮਾਨ ਅਤੇ ਅਨੁਮਾਨਤ ਬਜਟ ਪ੍ਰਾਪਤ ਨਹੀਂ ਹੁੰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਨੂੰ ਹੋਰ ਬਜਟ ਦੀ ਲੋੜ ਨਹੀਂ ਅਤੇ ਨਾ ਹੀ ਕੁਝ ਸਵੀ ਸਰੰਡਰ ਕਰਨਾ ਚਾਹੁੰਦੇ ਹੋ।

ਨੱਥੀ: ਅਨੁਲੱਗ-1(ਬੀ.ਐਮ-2 ਪ੍ਰੋਫਾਰਮਾ) ਅਤੇ
ਅਨੁਲੱਗ (II, III, ਰਸੀਟ ਪ੍ਰੋਫਾਰਮਾਂ)

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

## ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਪਿੱਠ ਅੰਕਣ ਨੰ: ਲੇਖਾ-1/1( )/ਬਜਟ/2021 36218 ਮਿਤੀ ਮਾਨਸਾ: 10-11-2021

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਡੀ.ਡੀ.ਓਜ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਵਿਸ਼ਾ ਅੰਕਿਤ ਨਾਲ ਸੰਬੰਧਤ ਬਜਟ ਤਜਵੀਜਾ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਤਿਆਰ ਕਰਕੇ ਹਰ ਹਾਲਤ ਵਿੱਚ ਮਿਤੀ 16.11.2021 ਤੱਕ ਤਿਆਰ ਕਰਕੇ ਸੰਬੰਧਤ ਡੀਲਿੰਗ ਸਹਾਇਕ ਰਾਹੀਂ ਜਾ ਜਿਸਨੂੰ ਪੂਰੀ ਜਾਣਕਾਰੀ ਹੋਵੇ ਰਾਹੀਂ ਦਸਤੀ ਪੁੱਜਦਾ ਕੀਤਾ ਜਾਵੇ। ਡਾਕ ਰਾਹੀਂ ਜਾ ਈ.ਮੇਲ ਰਾਹੀਂ ਭੇਜਿਆ ਗਿਆ ਬਜਟ ਮੰਨਜੂਰ ਨਹੀ ਕੀਤਾ ਜਾਵੇਗਾ ਅਤੇ ਇਸ ਦੇ ਨਾਲ ਹੀ ਸਕੂਲਾਂ ਵੱਲੋ ਖਜਾਨਾ ਦਫ਼ਤਰਾ ਵਿੱਚ ਜਮ੍ਹਾ ਕਰਵਾਈ ਜਾਂਦੀ ਰਾਸ਼ੀ ਸੰਬੰਧੀ ਰਸੀਟ ਬਜਟ ਨੱਥੀ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਲਾਜਮੀ ਭੇਜਿਆ ਜਾਵੇ। ਬਜਟ ਸਮੇ ਸਿਰ ਨਾ ਭੇਜਣ ਦੀ ਸੂਰਤ ਵਿੱਚ ਜੇਕਰ ਬਜਟ ਦੀ ਹੋਰ ਮੰਗ ਕੀਤੀ ਗਈ ਤਾਂ ਬਜਟ ਅਲਾਟ ਨਹੀ ਕੀਤਾ ਜਾਵੇਗਾ। ਇਸਦੀ ਨਿਰੋਲ ਜੁੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

10/11/21

ਜਿਲ੍ਹਾਂ ਸਿੱਖਿਆ ਅਫ਼ਸਰ (ਸੈ.ਸਿ)
ਮਾਨਸਾ।

Scanned by CamScanner

Annexure - I

B.M - 2 Performa

Office :-

Major Head:-

| SOE Code with Description | Voted/ Charged | Accounts | Budget Estimates | Additional Funds | Total Estimates (4+5) | First 6 Months Expenditure 1-4-2021 to 30-09-2021 | Anticipated Expenditure from 1-10-2021 to 31-3-2022 | Total Anticipated Expenditure (7 + 8) | Till Date Expenditure of Current year | Total Bills presented in the Treasuries Till Date | Proposed Revised Estimates | Proposed Budget Estimates | SOE Variation | Remarks |
|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 12 | 14 | 15 |
| | | 2020-21 | 2021-22 | 2021-22 | 2021-22 | 2021-22 | 2021-22 | 2021-22 | 2021-22 | 2021-22 | 2021-22 | 2022-23 | | |
| | | | | | | | | | | | | | | |
| 01-Salaries | Voted | | | | | | | | | | | | | |
| 02- Wages | Voted | | | | | | | | | | | | | |
| 09-Repair and Maintainence of staff Cars | Voted | | | | | | | | | | | | | |
| 10-POL of Staff Cars | Voted | | | | | | | | | | | | | |
| 11-Domestice Travel Expenses | Voted | | | | | | | | | | | | | |
| 13-Office Expenses | Voted | | | | | | | | | | | | | |
| 14-Rents, Rates, Taxes | Voted | | | | | | | | | | | | | |
| 26-Advt & Publications | Voted | | | | | | | | | | | | | |
| 50-Other Charges | Voted | | | | | | | | | | | | | |
| 50-Other Charges | Charged | | | | | | | | | | | | | |
| 91-Medical Reimbursement | Voted | | | | | | | | | | | | | |
| 92-Telephones | Voted | | | | | | | | | | | | | |
| 93-Electricity Charges | Voted | | | | | | | | | | | | | |
| 94- Water Charges | Voted | | | | | | | | | | | | | |
| Total | | | | | | | | | | | | | | |

Scanned by CamScanner

## *Annexure-II*

***Statement showing Designation wise/Grade Wise detail of expenditure for Financial Year 2021-22***

Name of Office:-

Head of Account:

| Sr.No. | Name of Post | Pay Scale | *No.of Sanctioned Posts as on 30-9-2021* | | *No.of Filled Posts as on 30-9-2021* | | Actual Expenditure | Anticipated Expenditure from | Total anticipated Expenditure Total (8+9) |
|---|---|---|---|---|---|---|---|---|---|
| | | | *Permanent* | *Temorary* | *Permanent* | *Temorary* | *1-4-2021 to 30-9-2021* | *1-10-2021 to 31-3-2022* | *1-4-2021 to 31-3-2022* |
| 1 | 2 | 3 | 4 | 5 | 6 | 7 | 8 | 9 | 10 |
| 1 | | | | | | | | | |
| 2 | | | | | | | | | |
| 3 | | | | | | | | | |
| 4 | | | | | | | | | |
| 5 | | | | | | | | | |
| 6 | | | | | | | | | |
| 7 | | | | | | | | | |
| 8 | | | | | | | | | |
| TOTAL | | | | | | | | | |

Scanned by CamScanner

## Annexure-III

*Nominal Pay Roll of employees for Financial Year 2022-23*

Name of Office:-

Head of Account:

| S.No | Name of Post | Pay Scale | No. of Posts | PAY | INCREMENT | TOTAL | D.A 28% | H R A | Medical All. | Mobile All. | Spl./ Cash All | Con.All | Wash All. | Gross Total |
|---|---|---|---|---|---|---|---|---|---|---|---|---|---|---|
| *1* | *2* | *3* | *4* | *5* | *6* | *7* | *8* | *9* | *10* | *11* | *12* | *13* | *14* | *15* |
| 1 | | | | | | | | | | | | | | |
| 2 | | | | | | | | | | | | | | |
| 3 | | | | | | | | | | | | | | |
| 4 | | | | | | | | | | | | | | |
| 5 | | | | | | | | | | | | | | |
| 6 | | | | | | | | | | | | | | |
| 7 | | | | | | | | | | | | | | |
| 8 | | | | | | | | | | | | | | |
| 9 | | | | | | | | | | | | | | |
| TOTAL | | | | | | | | | | | | | | |

Scanned by CamScanner

## Revised Receipt Budget Estimates For FY 2021-22 & Estimates for FY 2022-23

Name of Office:-

| Sr.No. | Head of | Accounts for F.Y 2020-21 | Budget Estimates 2021-22 | Revised Budget Estimates 2021-22 | Budget Estimates for F.Y 2022-23 | Remarks |
|---|---|---|---|---|---|---|
| | | | | | | |
| 1 | 2 | 3 | 4 | 5 | 6 | 7 |
| 1 | 0202-01-102-01-Tution and other Fees | | | | | |
| 2 | 0202-01-102-02- Text book Receipt | | | | | |
| 3 | 0202-01-102-03- Other receipts | | | | | |
| 4 | 0202-01-102-90-Decuct refunds | | | | | |
| | ***G.TOTAL*** | | | | | |

Scanned by CamScanner